NEW ERA PUBLIC SCHOOL RAJBAGH

SOLVED ASSIGNMENT OF TERM - I 2021.

CLASS: 3rd



SUBJECT: PUNJABI

## ਪਾਠ - 5

## ਬੁਲਬੁਲ ਅਤੇ ਜੁਗਨੂੰ

### ਸ਼ਬਦਾਂ ਦੇ ਅਰਥ

ਧਰਤੀ = ਜ਼ਮੀਨ, ਸਿਤਾਰਾ = ਤਾਰਾ, ਹਨੇਰਾ = ਰੌਸ਼ਨੀ ਨਾ ਹੋਣਾ, ਅੱਖਾਂ ਦਾ ਤਾਰਾ = ਬਹੁਤ ਪਿਆਰਾ, ਰੌਸ਼ਨੀ = ਚਾਨਣਾ।

1. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:

ੳ. ਬੁਲਬੁਲ ਕਿੱਥੇ ਬੈਠੀ ਸੀ?
ਉ: ਬੁਲਬੁਲ ਫੁੱਲਾਂ ਦੀ ਟਾਹਣੀ ਤੇ ਬੈਠੀ ਸੀ।

ਅ. ਬੁਲਬੁਲ ਦੀਆਂ ਅੱਖਾਂ ਵਿੱਚ ਕੀ ਸੀ?
ਉ: ਬੁਲਬੁਲ ਦੀਆਂ ਅੱਖਾਂ ਵਿੱਚ ਹੰਝੂ ਸਨ।

ੲ. ਬੁਲਬੁਲ ਕਿਉਂ ਰੋ ਰਹੀ ਸੀ?

2

ਉ: ਬੁਲਬੁਲ ਇਸ ਵਾਸਤੇ ਰੋ ਰਹੀ ਸੀ ਕਿਉਂਕਿ ਉਸ ਨੂੰ ਆਪਣੇ ਆਲ੍ਹਣੇ ਤੱਕ ਜਾਣ ਲਈ ਰਸਤਾ ਦਿਖਾਈ ਨਹੀਂ ਦੇ ਰਿਹਾ ਸੀ।

ਸ, ਬੁਲਬੁਲ ਨੇ ਜੁਗਨੂੰ ਨੂੰ ਕੀ ਕਿਹਾ?

ਉ: ਬੁਲਬੁਲ ਨੇ ਜੁਗਨੂੰ ਨੂੰ ਕਿਹਾ, "ਮੈਨੂੰ ਦਾਣਾ ਚੁਗਦੇ-ਚੁਗਦੇ ਸਾਰਾ ਦਿਨ ਲੱਗ ਗਿਆ। ਹੁਣ ਹਨੇਰਾ ਹੋ ਗਿਆ ਹੈ। ਮੈਨੂੰ ਆਪਣੇ ਆਲ੍ਹਣੇ ਤੱਕ ਜਾਣ ਲਈ ਰਸਤਾ ਦਿਖਾਈ ਨਹੀਂ ਦੇ ਰਿਹਾ। ਮੈਂ ਆਪਣੇ ਆਲ੍ਹਣੇ ਤੱਕ ਕਿਵੇਂ ਜਾਵਾਂ।"

ਹ, ਪਰਮਾਤਮਾ ਨੇ ਜੁਗਨੂੰ ਨੂੰ ਕੀ ਦਿੱਤਾ ਹੈ?

ਉ: ਪਰਮਾਤਮਾ ਨੇ ਜੁਗਨੂੰ ਨੂੰ ਰੋਸ਼ਨੀ ਦੀ ਦਾਤ ਦਿੱਤੀ ਹੈ।

ਕ, ਆਲ੍ਹਣੇ ਉੱਤੇ ਪਹੁੰਚਣ 'ਤੇ ਬੁਲਬੁਲ ਨੇ ਜੁਗਨੂੰ ਕੀ ਕਿਹਾ?

ਉ: ਆਲ੍ਹਣੇ ਉੱਤੇ ਪਹੁੰਚਣ ਤੇ ਬੁਲਬੁਲ ਨੇ ਕਿਹਾ, "ਵੀਰ ਜੁਗਨੂੰ ਤੂੰ ਸੱਚਮੁੱਚ ਹੀ ਧਰਤੀ ਦਾ ਸਿਤਾਰਾ ਅਤੇ ਸਾਡੀਆਂ ਅੱਖਾਂ ਦਾ ਤਾਰਾ ਹੈਂ।"

੨. ਹੇਠ ਲਿਖੇ ਸ਼ਬਦਾਂ ਵਿੱਚੋਂ ਠੀਕ ਸ਼ਬਦ ਲੱਭ ਕੇ ਖ਼ਾਲੀ ਥਾਂਵਾਂ ਭਰੋ:

ਰੋਸ਼ਨੀ, ਖੰਭ, ਤਾਰਾ, ਟਾਹਣੀ, ਰਸਤਾ

Scanned with CamScanner

1. ਬੁਲਬੁਲ ਫੁੱਲ ਦੀ ਟਾਹਣੀ ਉੱਤੇ ਬੈਠੀ ਰੋ ਰਹੀ ਸੀ।

2. ਉਸਨੂੰ ਆਪਣੇ ਘਰ ਦਾ ਰਸਤਾ ਨਹੀਂ ਲੱਭ ਰਿਹਾ ਸੀ।

3. ਪਰਮਾਤਮਾ ਨੇ ਮੈਨੂੰ ਰੋਸ਼ਨੀ ਦਿੱਤੀ ਹੈ।

4. ਜੁਗਨੂੰ ਆਪਣੇ ਛੋਟੇ-ਛੋਟੇ ਖੰਭ ਖੋਲ੍ਹ ਕੇ ਉੱਡਣ ਲੱਗਾ।

5. ਮਾਂ ਦੀਆਂ ਅੱਖਾਂ ਦਾ ਤਾਰਾ ਹੈ।

3. ਕੋਈ ਅਜਿਹੇ ਚਾਰ ਸ਼ਬਦ ਲਿਖੋ, ਜਿਨ੍ਹਾਂ ਵਿੱਚ (ਿ) ਸਿਹਾਰੀ ਦੀ ਵਰਤੋਂ ਹੁੰਦੀ ਹੋਵੇ:-

ਦਿਨ, ਸਿਤਾਰਾ, ਕਿਰਨ, ਕਿਤਾਬ.

4. ਕੋਈ ਅਜਿਹੇ ਚਾਰ ਸ਼ਬਦ ਲਿਖੋ, ਜਿਨ੍ਹਾਂ ਵਿੱਚ (ੀ) ਬਿਹਾਰੀ ਦੀ ਵਰਤੋਂ ਹੁੰਦੀ ਹੋਵੇ :-

ਰਾਣੀ, ਪਰੀ, ਸੀ, ਘੜੀ

5. ਬਹੁ-ਵਿਕਲਪੀ ਪ੍ਰਸ਼ਨ

1. ਹੌਲ਼ੀ-ਹੌਲ਼ੀ ਕੀ ਵਧ ਰਿਹਾ ਸੀ ?

ਸਵੇਰਾ (x) , ਹਨੇਰਾ (✓)

੨. ਫੁੱਲਾਂ ਦੀ ਟਾਹਣੀ 'ਤੇ ਕੌਣ ਬੈਠੀ ਸੀ ?
ਬੁਲਬੁਲ (✓) , ਚਿੜੀ (x)

3. ਜੁਗਨੂੰ ਨੇ ਬੁਲਬੁਲ ਦੀਆਂ ਅੱਖਾਂ ਵਿੱਚ ਕੀ ਦੇਖਿਆ ?
ਹੰਝੂ (✓) , ਸ਼ਰਾਰਤਾਂ (x)

੪. ਹਨੇਰਾ ਪੈਣ 'ਤੇ ਕੀ ਨਿਕਲ ਆਏ ਸਨ ?
ਮੱਛਰ (x) , ਤਾਰੇ (✓)

5. ਬੁਲਬੁਲ ਨੇ ਕਿੱਥੇ ਜਾਣਾ ਸੀ ?
ਆਪਣੇ ਘਰ (x) , ਆਪਣੇ ਆਲ੍ਹਣੇ (✓)

6. ਪਰਮਾਤਮਾ ਨੇ ਜੁਗਨੂੰ ਨੂੰ ਕੀ ਦਿੱਤੀ ਹੈ ?
ਉੱਡਣ ਦੀ ਤਾਕਤ (x) , ਰੋਸ਼ਨੀ (✓)

7. ਬੁਲਬੁਲ ਕਿਸ ਦੇ ਪਿੱਛੇ ਉੱਡਣ ਲੱਗੀ ?
ਹਵਾ ਦੇ (x) , ਜੁਗਨੂੰ ਦੇ (✓)

੮. ਬੁਲਬੁਲ ਨੇ ਜੁਗਨੂੰ ਕਿਹੜੇ ਰਿਸ਼ਤੇ ਨਾਲ ਬੁਲਾਇਆ ?
ਸਾਥੀਆਂ (x) , ਵੀਰ (✓)

Scanned with CamScanner

# ਪਾਠ - 6

## ਰਿੱਛ

### ਸ਼ਬਦਾਂ ਦੇ ਅਰਥ

ਵਣ = ਜੰਗਲ , ਰਿੱਛ = ਭਾਲੂ , ਸੁਆਰਥ = ਮਤਲਬ
ਗ਼ੁਲਾਮ = ਦਾਸ ।

1. ਹੇਠਾਂ ਦਿੱਤੇ ਵਾਕਾਂ ਤੇ ਸਹੀ (✓) ਦਾ ਚਿੰਨ੍ਹ ਲਗਾਓ:

ਪ੍ਰ. ਰਿੱਛ ਕਿਸ ਤਰ੍ਹਾਂ ਦਾ ਜਾਨਵਰ ਹੈ?
ਉ: ਰਿੱਛ ਜੰਗਲੀ ਜਾਨਵਰ ਹੈ ।

2. ਰਿੱਛ ਦੇਖਣ ਵਿੱਚ ਕਿਹੋ ਜਿਹਾ ਲਗਦਾ ਹੈ?
ਸੋਹਣਾ , ਭੈੜਾ ✓

3. ਰਿੱਛ ਕਿਸ ਲਈ ਨੱਚਦਾ ਹੈ?
ਆਪਣੇ ਲਈ ; ਸਾਡੇ ਲਈ ✓

4. ਕੀ ਤੁਸੀਂ ਕਦੀ ਰਿੱਛ ਦਾ ਬੱਚਾ ਦੇਖਿਆ ਹੈ?
ਹਾਂ , ਨਹੀਂ ✓

2. ਹੇਠਾਂ ਲਿਖੀਆਂ ਸਤਰਾਂ ਨੂੰ ਪੂਰਾ ਕਰੋ:

ਪਹਿਲਾਂ ਰਹਿੰਦਾ ਸੀ ਵਿਚ ਵਣ ਵਿੱਚ,
ਨਹੀਂ ਕਿਸੇ ਦਾ ਡਰ ਸੀ ਮਨ ਵਿੱਚ।

ਹੋ ਗਿਆ ਹੈ ਹੁਣ ਇਹ ਗ਼ੁਲਾਮ,
ਮੰਗਦਾ ਪੈਸੇ ਕੌਡੀ ਦਾਮ।

ਜਦੋਂ ਆਜ਼ਾਦੀ ਗਈ ਚਲੀ,
ਜੀਵਨ ਨਾਲੋਂ ਮੌਤ ਭਲੀ।

## ਬਹੁ-ਵਿਕਲਪੀ ਪ੍ਰਸ਼ਨ.

ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਤੇ (✓) ਦਾ ਨਿਸ਼ਾਨ ਲਾਓ।

1. ਰਿੱਛ ਦਾ ਨਾਂ ਕੀ ਸੀ?
   ਭਾਲੂ (✗), ਕਾਲੂ (✓)
2. ਉਸਦਾ ਰੰਗ ਕਿਹੜਾ ਸੀ?
   ਕਾਲਾ (✓), ਚਿੱਟਾ (✗)
3. ਰਿੱਛ ਦੀ ਸੂਰਤ ਕਿਹੋ ਜਿਹੀ ਸੀ?
   ਭੋਲੀ-ਭਾਲੀ (✓), ਬਹੁਤ ਸੋਹਣੀ (✗)

4. ਪਹਿਲਾਂ ਰਿੱਛ ਕਿੱਥੇ ਰਹਿੰਦਾ ਸੀ ?
ਸਰਕਸ ਵਿੱਚ (x) , ਵਣ ਵਿੱਚ (✓)

5. ਹੁਣ ਰਿੱਛ ਕਿਸ ਦੇ ਇਸ਼ਾਰੇ 'ਤੇ ਨੱਚਦਾ ਸੀ ?
ਆਪਣੀ ਮਰਜ਼ੀ ਦੇ (x), ਮਦਾਰੀ ਦੇ (✓)

6. ਹੁਣ ਉਸਦੇ ਗਲ਼ ਵਿੱਚ ਕੀ ਪੈ ਗਿਆ ਹੈ ?
ਹਾਰ (x) , ਪੱਟਾ (✓)

7. ਹੁਣ ਰਿੱਛ ਦੀ ਕੀ ਭਲੀ ਗਈ ਹੈ ?
ਨਜ਼ਾਰ (x) , ਆਜ਼ਾਦੀ (✓)

8. ਹੁਣ ਰਿੱਛ ਨੂੰ ਜੀਵਨ ਨਾਲੋਂ ਕੀ ਚੀਜ਼ ਭਲੀ ਲੱਗਦੀ ਹੈ ?
ਰੋਟੀ (x) , ਮੌਤ (✓)

— o —

# ਪਾਠ - 7

## ਚੰਗੀਆਂ ਗੱਲਾਂ

### ਸ਼ਬਦਾਂ ਦੇ ਅਰਥ

ਕਤਾਰ = ਲਾਈਨ, ਪ੍ਰਾਰਥਨਾ = ਅਰਦਾਸ, ਤਮਗ਼ੇ = ਫੀਤੇ।

1. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ -

ੳ. ਘੰਟੀ ਵੱਜਣ 'ਤੇ ਬੱਚਿਆਂ ਨੇ ਕੀ ਕੀਤਾ?
ਉੱਤਰ - ਘੰਟੀ ਵੱਜਣ ਤੇ ਸਾਰੇ ਬੱਚੇ ਸਕੂਲ ਦੇ ਮੈਦਾਨ ਵਿੱਚ ਇੱਕਠੇ ਹੋ ਗਏ।

ਅ. ਤੁਹਾਡੇ ਸਕੂਲ ਦਾ ਕੀ ਨਾਂ ਹੈ?
ਉੱਤਰ - ਮੇਰੇ ਸਕੂਲ ਦਾ ਨਾਂ ਨਜੂ ~~[illegible]~~ ਪਬਲਿਕ ਸਕੂਲ ਹੈ।

ੲ. ਤੁਹਾਡਾ ਸਕੂਲ ਕਿੰਨੇ ਵੱਜੇ ਲੱਗਦਾ ਹੈ?
ਉੱਤਰ - ਮੇਰਾ ਸਕੂਲ 9:00 ਵੱਜੇ ਲੱਗਦਾ ਹੈ।

ਸ. ਤੁਹਾਡਾ ਸਕੂਲ ਪਿੰਡ ਵਿੱਚ ਹੈ ਜਾਂ ਸ਼ਹਿਰ ਵਿੱਚ?
ਉੱਤਰ - ਮੇਰਾ ਸਕੂਲ ਸ਼ਹਿਰ ਵਿੱਚ ਹੈ।

2. ਹੇਠਾਂ ਦਿੱਤੇ ਗਏ ਸ਼ਬਦਾਂ ਨੂੰ ਖ਼ਾਲੀ ਥਾਂਵਾਂ ਵਿੱਚ ਭਰੋ -
ਛੁੱਟੀ, ਤੰਗ, ਪਾਠ, ਪਿਆਰ, ਸਮੇਂ ਸਿਰ, ਘਰ

ੳ. ਸਾਫ਼ - ਸੁਥਰੇ ਬੱਚਿਆਂ ਨੂੰ ਸਭ ਪਿਆਰ ਕਰਦੇ ਹਨ।
ਅ. ਚੰਗੇ ਬੱਚੇ ਸਮੇਂ ਸਿਰ ਸਕੂਲ ਜਾਂਦੇ ਹਨ।
ੲ. ਧਿਆਨ ਲਗਾ ਕੇ ਆਪਣਾ ਪਾਠ ਯਾਦ ਕਰਦੇ ਹਨ।

ਅ: ਛੁੱਟੀ ਹੋਣ 'ਤੇ ਸਿੱਧੇ ਘਰ ਜਾਂਦੇ ਹਨ।

ਹ: ਚੰਗੇ ਬੱਚੇ ਕਿਸੇ ਨੂੰ ਤੰਗ ਨਹੀਂ ਕਰਦੇ।

3. ਹੇਠ ਲਿਖੇ ਵਾਕਾਂ 'ਤੇ ਸਹੀ (✓) 'ਤੇ ਗ਼ਲਤ (x) ਦਾ ਨਿਸ਼ਾਨ ਲਗਾਓ-

ੳ. ਅਧਿਆਪਕ ਜੀ ਪ੍ਰਾਰਥਨਾ ਵੇਲ਼ੇ ਬੱਚਿਆਂ ਤੋਂ ਦੂਰ ਖੜ੍ਹੇ ਹੁੰਦੇ ਹਨ। (x)

ਅ. ਬੱਚੇ ਹੱਥ ਜੋੜ ਕੇ ਪ੍ਰਾਰਥਨਾ ਕਰਦੇ ਹਨ। (✓)

ੲ. ਅਧਿਆਪਕ ਜੀ ਬੱਚਿਆਂ ਨੂੰ ਕਈ ਚੰਗੀਆਂ ਗੱਲਾਂ ਦੱਸਦੇ ਹਨ। (✓)

4. ਹੇਠਾਂ ਦਿੱਤੇ ਸ਼ਬਦਾਂ ਦੇ ਵਾਕ ਬਣਾਓ-

1. ਰੁਮਾਲ - ਮੇਰੇ ਰੁਮਾਲ ਦਾ ਰੰਗ ਲਾਲ ਹੈ।
2. ਧੱਬੇ - ਮੈਂ ਆਪਣੇ ਕੱਪੜਿਆਂ ਤੇ ਸਿਆਹੀ ਦੇ ਧੱਬੇ ਨਹੀਂ ਲੱਗਣ ਦਿੰਦਾ।
3. ਪਿਆਰ - ਮਾਤ-ਪਿਤਾ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਹਨ।
4. ਦੁੱਖੀ - ਸਾਨੂੰ ਕਦੀ ਦੁੱਖੀ ਨਹੀਂ ਹੋਣਾ ਚਾਹੀਦਾ।
5. ਬਹੁ - ਵਿਕਲਪੀ ਪ੍ਰਸ਼ਨ

ੳ. 'ਟਨ - ਟਨ' ਕਿਸ ਚੀਜ਼ ਦੀ ਅਵਾਜ਼ ਹੈ?

Scanned with CamScanner

ਟਮਟਮ ਦੀ , ਘੰਟੀ ਦੀ (✓)

ਅ. ਬੱਚੇ ਕਿੱਥੇ ਇਕੱਠੇ ਹੋ ਜਾਂਦੇ ਹਨ ?
ਗਲੀ ਵਿੱਚ , ਮੈਦਾਨ ਵਿੱਚ (✓)

ੲ. ਬੱਚੇ ਕੀ ਬਣਾ ਕੇ ਖਲੋਤੇ ਸਨ ?
ਝੁਰਮਟ ਕਤਾਰ (✓)

ਸ. ਬੱਚੇ ਹੱਥ ਜੋੜ ਕੇ ਕੀ ਕਰ ਰਹੇ ਸਨ ?
ਸ਼ਰਾਰਤਾਂ , ਪ੍ਰਾਰਥਨਾ (✓)

ਹ. ਚੰਗੇ ਬੱਚੇ ਕਿਵੇਂ ਰਹਿੰਦੇ ਹਨ ?
ਇਕੱਲੇ - ਇਕੱਲੇ , ਸਾਫ਼ - ਸੁਥਰੇ (✓)

ਕ. ਚੰਗੇ ਬੱਚੇ ਸਕੂਲ ਕਿਵੇਂ ਜਾਂਦੇ ਹਨ ?
ਹੱਸਦੇ - ਹੱਸਦੇ , ਸਮੇਂ ਸਿਰ (✓)

ਖ. ਚੰਗੇ ਬੱਚੇ ਵੱਡਿਆਂ ਦਾ ਕੀ ਕਰਦੇ ਹਨ ?
ਪਿਆਰ , ਆਦਰ ਸਤਿਕਾਰ (✓)

—— o —— o ——

Scanned with CamScanner